ਵਿਦੇਸ਼ ਅਤੇ ਕੱਪੜਾ ਰਾਜ ਮੰਤਰੀ ਸ਼੍ਰੀ ਪਬਿਤਰਾ ਮਾਰਗੇਰੀਟਾ ਦਾ ਸਪੇਨ ਦਾ ਦੌਰਾ (3-5 ਨਵੰਬਰ, 2026)

ਵਿਦੇਸ਼ ਅਤੇ ਕੱਪੜਾ ਰਾਜ ਮੰਤਰੀ [ਐਮਓਐਸ (ਪੀਐਮ)] ਸ਼੍ਰੀ ਪਬਿਤਰਾ ਮਾਰਗੇਰੀਟਾ 3 ਤੋਂ 5 ਨਵੰਬਰ 2026 ਤੱਕ ਸਪੇਨ ਦਾ ਅਧਿਕਾਰਤ ਦੌਰਾ ਕਰਨਗੇ।

2. ਦੌਰੇ ਦੌਰਾਨ, ਐਮਓਐਸ (ਪੀਐਮ) ਸਪੇਨ ਵੱਲੋਂ ਕਰਵਾਏ ਜਾ ਰਹੇ ਆਈਬੇਰੋ-ਅਮਰੀਕਨ ਕਾਨਫਰੰਸ ਦੇ 30ਵੇਂ ਸੰਮੇਲਨ ਵਿੱਚ ਹਿੱਸਾ ਲੈਣਗੇ। ਭਾਰਤ ਇੱਕ ਸਹਿਯੋਗੀ ਆਬਜਰਵਰ ਦੇ ਰੂਪ ਵਿੱਚ ਸੰਮੇਲਨ ਵਿੱਚ ਸ਼ਾਮਲ ਹੋਵੇਗਾ। ਇਸ ਕਾਨਫਰੰਸ ਵਿੱਚ ਮੌਜੂਦਾ ਸਮੇਂ ਲੈਟਿਨ ਅਮਰੀਕਾ ਤੋਂ 19 ਅਤੇ ਯੂਰਪ ਤੋਂ 3 (ਸਪੇਨ, ਪੁਰਤਗਾਲ ਅਤੇ ਅੰਡੋਰਾ) ਦੇਸ਼ਾਂ ਸਮੇਤ 22 ਮੈਂਬਰ ਦੇਸ਼, 12 ਸਹਿਯੋਗੀ ਆਬਜਰਵਰ ਅਤੇ 20 ਸਲਾਹਕਾਰ ਆਬਜਰਵਰ ਸ਼ਾਮਲ ਹਨ।

3. ਐਮਓਐਸ (ਪੀਐਮ) ਦਾ ਇਹ ਦੌਰਾ ਭਾਰਤ-ਸਪੇਨ ਦੇ ਸੱਭਿਆਚਾਰ, ਸੈਰ-ਸਪਾਟਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੋਹਰੇ ਸਾਲ ਦੇ ਮੌਜੂਦਾ ਸਬੰਧਾਂ ਵਿੱਚ ਇੱਕ ਅਹਿਮ ਮੀਲ ਪੱਥਰ ਨੂੰ ਦਰਸਾਉਂਦਾ ਹੈ। ਉਹ ਸਿਖਰ ਸੰਮੇਲਨ ਤੋਂ ਇਲਾਵਾ ਆਪਣੇ ਮੁੱਖ ਹਮਰੁਤਬਾ ਨਾਲ ਦੁਵੱਲੀਆਂ ਬੈਠਕਾਂ ਵੀ ਕਰਨਗੇ ਅਤੇ ਮੈਡ੍ਰਿਡ ਵਿੱਚ ਭਾਰਤੀ ਭਾਈਚਾਰੇ ਨਾਲ ਵੀ ਗੱਲਬਾਤ ਕਰਨਗੇ।

ਨਵੀਂ ਦਿੱਲੀ

01 ਨਵੰਬਰ, 2026